ਓਨਟਾਰੀਓ ਦੀਆਂ ਟੂਟੀਆਂ ਦਾ ਪਾਣੀ: ਪੀਣ ਲਈ ਸੁਰੱਖਿਅਤ

ਕੀ ਤੁਸੀਂ ਜਾਣਦੇ ਹੋ ਕਿ ਓਨਟਾਰੀਓ ਦੀਆਂ ਟੂਟੀਆਂ ਦੇ ਪਾਣੀ ਦੀ ਗੁਣਵੱਤਾ ਦੁਨੀਆ ਦੇ ਵਧੀਆਂ ਪਾਣੀਆਂ ਵਿਚੋਂ ਇਕ ਹੈ?

ਤੁਸੀਂ ਓਨਟਾਰੀਓ ਦੀਆਂ ਟੂਟੀਆਂ ਦੇ ਪਾਣੀ ਦੀ ਗੁਣਵੱਤਾ ਅਤੇ ਸੁਰੱਖਿਅਤਾ ਉਤੇ ਭਰੋਸਾ ਕਰ ਸਕਦੇ ਹੋ।

ਓਨਟਾਰੀਓ ਦੇ ਪੀਣ ਵਾਲੇ ਪਾਣੀ ਨੂੰ ਕਿਵੇਂ ਸੁਰੱਖਿਅਤ ਕੀਤਾ ਜਾਂਦਾ ਹੈ?

ਪੀਣ ਵਾਲੇ ਪਾਣੀ ਨੂੰ ਸੁਰੱਖਿਅਤ ਰੱਖਣ ਲਈ ਓਨਟਾਰੀਓ ਨੇ ਇਕ ਬਹੁਤ ਸ਼ਾਨਦਾਰ ਸਿਸਟਮ (ਵਿਵਸਥਾ) ਕਾਇਮ ਕੀਤਾ ਹੋਇਆ ਹੈ। ਜਿਉਂ ਹੀ ਪੀਣ ਵਾਲਾ ਪਾਣੀ ਆਪਣੇ ਸਰੋਤ ਤੋਂ ਨਿਕਲ ਕੇ ਤੁਹਾਡੀਆਂ ਟੂਟੀਆਂ ਤਕ ਆਪਣਾ ਸਫਰ ਸ਼ੁਰੂ ਕਰਦਾ ਹੈ, ਓਨਟਾਰੀਓ ਦੇ ਸਪਸ਼ਟ, ਸਖਤ ਨਿਯਮ ਅਤੇ ਕਠੋਰ ਮਿਆਰ ਉਸਦੀ ਸੁਰੱਖਿਆ ਕਰਦੇ ਹਨ।

ਜਿਹੜੇ ਲੋਕ ਪੀਣ ਵਾਲੇ ਪਾਣੀ ਦੇ ਸਿਸਟਮ ਨੂੰ ਚਲਾਂਦੇ ਹਨ, ਉਨ੍ਹਾਂ ਨੇ ਉੱਚ ਦਰਜੇ ਦੇ ਪੇਸ਼ਾਵਰਾਨਾ ਮਿਆਰਾਂ ਤੇ ਖਰੀ ਉਤਰਦੀ ਸਿਖਲਾਈ ਪ੍ਰਾਪਤ ਕੀਤੀ ਹੁੰਦੀ ਹੈ। ਚੌਗਿਰਦੇ ਬਾਰੇ ਮੰਤਰਾਲੇ ਦੇ ਮਾਹਿਰ ਪੀਣ ਵਾਲੇ ਪਾਣੀ ਦੇ ਸਾਰੇ ਮਿਊਨਿਸਿਪਲ ਪਲਾਂਟਾਂ ਦਾ ਘੱਟੋ ਘੱਟ ਸਾਲ ਵਿਚ ਇੱਕ ਵਾਰ ਮੁਆਇਨਾ ਕਰਦੇ ਹਨ। ਚੀਫ਼ ਡਰਿੰਕਿੰਗ ਵਾਟਰ ਇੰਸਪੈਕਟਰ, ਪੀਣ ਵਾਲੇ ਪਾਣੀ ਦੀ ਗੁਣਵੱਤਾ ਅਤੇ ਪੀਣ ਵਾਲੇ ਪਾਣੀ ਦੇ ਸਿਸਟਮਾਂ ਦੇ ਮੁਆਇਨੇ ਦੇ ਨਤੀਜਿਆਂ ਬਾਰੇ ਸਾਲਾਨਾ ਰਿਪੋਰਟ ਦੇਂਦਾ ਹੈ। 2010-11 ਵਿਚ:

- ਓਨਟਾਰੀਓ ਦੇ ਪੀਣ ਵਾਲੇ ਪਾਣੀ ਦੇ ਸਿਸਟਮਾਂ ਦੇ ਸੈਂਪਲਾਂ ਤੇ 639,000 ਤੋਂ ਵੱਧ ਟੈਸਟ ਕੀਤੇ ਗਏ ਹਨ।
- ਮਿਊਨਿਸਿਪਲ ਵਾਟਰ ਸਿਸਟਮਾਂ ਤੋਂ ਪਾਣੀ ਦੀ ਗੁਣਵੱਤਾ ਦੇ 99.87 ਫੀਸਦ ਟੈਸਟ ਬਹੁਤ ਸਖਤ ਮਿਆਰਾਂ ਤੇ ਪੂਰੇ ਉਤਰੇ ਸਨ।

ਇਹ ਵੇਖਣ ਲਈ ਕਿ ਸਾਡਾ ਪੀਣ ਵਾਲਾ ਪਾਣੀ ਸਾਡੇ ਸਖਤ ਮਿਆਰਾਂ (ਮਾਪਦੰਡਾਂ) ਤੇ ਪੂਰਾ ਉਤਰਨਾ ਕਿਸ ਤਰ੍ਹਾਂ ਜਾਰੀ ਰੱਖ ਰਿਹਾ ਹੈ, ਚੀਫ਼ ਡਰਿੰਕਿੰਗ ਵਾਟਰ ਇੰਸਪੈਕਟਰ ਦੀ ਸਾਲਾਨਾ ਰਿਪੋਰਟ (Chief Drinking Water Inspector's Annual Report) ਪੜ੍ਹੋ।

ਮੇਰਾ ਪੀਣ ਵਾਲਾ ਪਾਣੀ ਕਿਥੋਂ ਆਉਂਦਾ ਹੈ?

ਓਨਟਾਰੀਓ ਦਾ ਪੀਣ ਵਾਲਾ ਬਹੁਤਾ ਪਾਣੀ, ਝੀਲਾਂ, ਨਦੀਆਂ ਜਾਂ ਖੂਹਾਂ ਤੋਂ ਆਉਂਦਾ ਹੈ।

ਉੱਤਰੀ ਅਮਰੀਕਾ ਵਿਚ ਤਾਜ਼ੇ ਧਰਤੀ ਦੇ ਪਾਣੀ ਦੀ 95 ਫੀਸਦੀ ਸਪਲਾਈ, ਗਰੇਟ ਲੇਕਸ (Great Lakes) ਤੋਂ ਹੁੰਦੀ ਹੈ। ਓਨਟਾਰੀਓ ਦੇ ਬਹੁਤੇ ਨਿਵਾਸੀਆਂ ਨੂੰ ਆਪਣਾ ਪੀਣ ਵਾਲਾ ਪਾਣੀ ਗਰੇਟ ਲੇਕਸ (Great Lakes) ਤੋਂ ਮਿਲਦਾ ਹੈ।

ਉਸ ਝੀਲ, ਨਦੀ ਜਾਂ ਖੂਹ ਨੂੰ ਜੋ ਤੁਹਾਡੀ ਕਮਿਊਨਿਟੀ ਨੂੰ ਪਾਣੀ ਸਪਲਾਈ ਕਰਦਾ ਹੈ, ਢੂੰਡਣ ਲਈ ਡਰਿੰਕਿੰਗ ਵਾਟਰ ਕੁਆਲਿਟੀ ਮੈਪ ਵੇਖੋ।

ਮੇਰੇ ਪੀਣ ਵਾਲੇ ਪਾਣੀ ਨੂੰ ਟਰੀਟ (ਪ੍ਰਕ੍ਰਿਆ ਰਾਹੀਂ ਰੋਗਾਣੂ ਮੁਕਤ) ਕਿਸ ਤਰ੍ਹਾਂ ਕੀਤਾ ਜਾਂਦਾ ਹੈ?

- **ਕਦਮ 1:** ਪਾਣੀ ਨੂੰ ਇਕ ਨਦੀ, ਇਕ ਝੀਲ ਜਾਂ ਖੂਹ ਤੋਂ ਲਿਆ ਜਾਂਦਾ ਹੈ।
- **ਕਦਮ 2:** ਪਾਣੀ ਵਿਚ ਅਜਿਹੇ ਤੱਤ (ਪਦਾਰਥ) ਸ਼ਾਮਲ ਕੀਤੇ ਜਾਂਦੇ ਹਨ, ਜਿਨ੍ਹਾਂ ਨਾਲ ਛੋਟੇ ਕਣ ਇਕੱਠੇ ਜੁੜ ਕੇ ਵੱਡੇ ਟੁਕੜੇ ਬਣ ਜਾਂਦੇ ਹਨ। ਇਹ ਵੱਡੇ ਟੁਕੜੇ ਹੇਠਾਂ ਡਿਗ ਪੈਂਦੇ ਹਨ ਅਤੇ ਬਾਅਦ ਵਿਚ ਇਨ੍ਹਾਂ ਨੂੰ ਹਟਾ ਦਿੱਤਾ ਜਾਂਦਾ ਹੈ।
- **ਕਦਮ 3:** ਪਾਣੀ ਨੂੰ ਰੇਤ, ਬਜਰੀ, ਚਾਰਕੋਲ ਜਾਂ ਇਕ ਝਿੱਲੀ ਦੀ ਤਹਿ ਰਾਹੀਂ, ਉਸ ਵਿਚਲੇ ਹੋਰ ਕਣਾਂ ਨੂੰ ਛਾਟਿਆਂ ਜਾਂਦਾ ਹੈ।
- **ਕਦਮ 4:** ਕਲੋਰੀਨ ਪਾਣੀ ਨੂੰ ਰੋਗਾਣੂ ਮੁਕਤ ਕਰਦੀ ਹੈ। ਜੋ ਪਾਣੀ ਤੁਸੀਂ ਪੀਂਦੇ ਹੋ ਉਸ ਵਿਚ ਹਰ ਸਮੇਂ ਥੋੜ੍ਹੀ ਜਿਹੀ ਕਲੋਰੀਨ ਰਹਿੰਦੀ ਹੈ।

ontario.ca/drinkingwater

Ontario

PIBS 8915p

ਪਾਣੀ ਨੂੰ ਟਰੀਟ (ਪ੍ਰਕ੍ਰਿਆ ਰਾਹੀਂ ਰੋਗਾਣੂ ਮੁਕਤ) ਕਰਨ ਦੇ ਬਹੁਤੇ ਸਿਸਟਮਾਂ ਵਿਚ ਇਹੀ ਕੁਝ ਕੀਤਾ ਜਾਂਦਾ ਹੈ। ਇਹ ਜਾਣਨ ਲਈ ਕਿ ਤੁਹਾਡੀ ਕਮਿਊਨਿਟੀ ਵਿਚ ਪੀਣ ਵਾਲਾ ਪਾਣੀ ਕਿਸ ਤਰ੍ਹਾਂ ਰੋਗਾਣੂ ਮੁਕਤ ਕੀਤਾ ਜਾਂਦਾ ਹੈ, ਪੀਣ ਵਾਲੇ ਪਾਣੀ ਦੀ ਗੁਣਵੱਤਾ ਦੇ ਮੈਪ ਤੇ ਕਲਿੱਕ ਕਰੋ।

ਜੇ ਮੈਨੂੰ ਆਪਣੀ ਟੂਟੀ ਦੇ ਪਾਣੀ ਦੀ ਚਿੰਤਾ ਹੈ ਤਾਂ ਮੈਂ ਕੀ ਕਰ ਸਕਦਾ/ਸਕਦੀ ਹਾਂ?

ਜੇ ਤੁਹਾਨੂੰ ਪਾਣੀ ਮਿਊਨਿਸਿਪਲਿਟੀ ਤੋਂ ਮਿਲਦਾ ਹੈ, ਤਾਂ ਉਨ੍ਹਾਂ ਦੇ ਦਫਤਰ ਨਾਲ ਸੰਪਰਕ ਕਰੋ। ਤੁਸੀਂ ਮਿਊਨਿਸਿਪਲਿਟੀ ਦੇ ਸੰਪਰਕ ਸੂਚਨਾ ਲਈ ਆਪਣੀ ਟੈਲੀਫ਼ੋਨ ਡਾਇਰੀ ਦੇ ਬਲਿਊ ਪੇਜਸ (Blue Pages) ਨੂੰ ਵੀ ਵੇਖ ਸਕਦੇ ਹੋ। ਜਾਂ, ਆਪਣੀ ਸਥਾਨਕ ਪਬਲਿਕ ਹੈਲਥ ਯੂਨਿਟ ਨਾਲ ਸੰਪਰਕ ਕਰੋ।

1950 ਤੋਂ ਪਹਿਲਾਂ ਦੇ ਬਣੇ ਹੋਏ ਘਰਾਂ ਵਿਚ ਸਿੱਕੇ ਦੀ ਧਾਤ ਦੀਆਂ ਪਾਈਪਾਂ ਅਤੇ ਸਰਵਿਸ ਲਾਈਨਾਂ ਹੋਣ ਦੀ ਵੱਧ ਸੰਭਾਵਨਾ ਹੈ। ਸਿੱਕੇ ਅਤੇ ਪੀਣ ਵਾਲੇ ਪਾਣੀ ਅਤੇ ਆਪਣੇ ਟੂਟੀ ਦੇ ਪਾਣੀ ਨੂੰ ਸਿੱਕੇ ਲਈ ਟੈਸਟ ਕਰਨ ਬਾਰੇ ਹੋਰ ਜਾਣਕਾਰੀ ਹਾਸਲ ਕਰੋ।

ਓਨਟਾਰੀਓ ਦੇ ਪੀਣ ਵਾਲੇ ਪਾਣੀ ਦੀ ਸੁਰੱਖਿਆ ਲਈ ਮੈਂ ਕੀ ਕਰ ਸਕਦਾ/ਸਕਦੀ ਹਾਂ?

ਹੇਠਾਂ ਕੁਝ ਉਹ ਢੰਗ ਤਰੀਕੇ ਦਿੱਤੇ ਜਾ ਰਹੇ ਹਨ, ਜਿਨ੍ਹਾਂ ਨਾਲ ਤੁਸੀਂ ਓਨਟਾਰੀਓ ਦੀਆਂ ਟੂਟੀਆਂ ਦਾ ਪਾਣੀ ਪੀਣ ਨਾਲ ਪਾਣੀ ਦਾ ਵਿਅਰਥ ਜਾਣਾ ਘੱਟ ਕਰ ਕੇ, ਧਨ ਬਚਾ ਸਕਦੇ ਹੋ:

- ਇਕ ਮੁੜ ਕੇ ਵਰਤੀ ਜਾਣ ਵਾਲੀ ਬੋਤਲ ਨਾਲ ਰੱਖੋ ਅਤੇ ਇਸ ਨੂੰ ਬਲਿਊ ਡਬਲਿਯੂ ਪ੍ਰੋਗਰਾਮ (Blue W program) ਰਾਹੀਂ ਮੁੜ ਭਰ ਸਕਦੇ ਹੋ। ਹਿੱਸਾ ਲੈਣ ਵਾਲੇ ਬਿਜ਼ਨੈਸ ਅਦਾਰਿਆਂ ਅਤੇ ਸਰਕਾਰੀ ਥਾਵਾਂ ਤੇ ਬਲਿਊ ਡਬਲਿਯੂ (Blue W) ਦੇ ਡਿਕੈਲ (ਨਿਸ਼ਾਨ) ਨੂੰ ਵੇਖੋ।
- ਆਪਣੇ ਨਲਕੇ ਨੂੰ ਪਾਣੀ ਠੰਢਾ ਹੋਣ ਦੀ ਉਡੀਕ ਵਿਚ ਖੁਲ੍ਹਾ ਰੱਖਣ ਦੀ ਜਗ੍ਹਾ ਆਪਣੇ ਫ਼ਰਿੱਜ ਵਿਚ ਪਾਣੀ ਦੀਆਂ ਸੁਰਾਹੀਆਂ ਰੱਖੋ ਜਾਂ ਉਸ ਵਿਚ ਬਰਫ਼ ਦੇ ਟੁਕੜੇ ਪਾਓ।
- ਸਟੌਰਮ ਡਰੇਨਾਂ (ਪਾਣੀ ਦੀਆਂ ਨਾਲੀਆਂ) ਵਿਚ ਪੇਂਟ ਜਾਂ ਤੇਲ ਨਾ ਸੁੱਟੋ। ਉਦਾਹਰਨ ਲਈ, ਆਪਣੀ ਕਾਰ ਨੂੰ ਕਾਰ ਧੋਣ ਦੀ ਜਗ੍ਹਾ ਤੇ ਧੋਵੋ, ਘਰ ਦੇ ਡਰਾਇਵਵੇ ਤੇ ਨਹੀਂ।

ਓਨਟਾਰੀਓ ਵਿਚ ਨਵੇਂ ਆਉਣ ਵਾਲਿਆਂ ਲਈ ਬਹੁ-ਭਾਸ਼ੀ ਪੋਸਟ-ਕਾਰਡ

ਕੀ ਤੁਸੀਂ ਆਪਣੀ ਕਮਿਊਨਿਟੀ (ਭਾਈਚਾਰੇ) ਵਿਚ ਅਜਿਹੇ ਸਮੂਹਾਂ ਨੂੰ ਜਾਣਦੇ ਹੋ, ਜੋ ਓਨਟਾਰੀਓ ਦੇ ਉੱਚ ਗੁਣਵੱਤਾ ਦੇ ਟੂਟੀਆਂ ਦੇ ਪਾਣੀ ਬਾਰੇ ਜਾਣਨਾ ਚਾਹੁੰਦੇ ਹਨ?

ਵਿਚ ਉਪਲਬਧ ਹਨ। ਤਸਵੀਰ ਵੱਡੀ ਕਰਨ ਲਈ ਪੋਸਟ-ਕਾਰਡ ਤੇ ਕਲਿੱਕ ਕਰੋ। ਜਾਂ ਜੇ ਤੁਹਾਨੂੰ ਮੁਫ਼ਤ ਕਾਪੀਆਂ ਚਾਹੀਦੀਆਂ ਹਨ, ਤਾਂ ਟੋਰੋਂਟੋ ਵਿਖੇ 1-800-565-4923 ਜਾਂ 416-325-4000 ਤੇ ਟੌਲ ਫ੍ਰੀ ਨੰਬਰਾਂ ਤੇ ਮਿਨਿਸਟਰੀ ਆਫ਼ ਐਨਵਾਇਰਨਮੈਂਟ ਪਬਲਿਕ ਇਨਫਾਰਮੇਸ਼ਨ ਸੈਂਟਰ (Ministry of the Environment Public Information Centre) ਨੂੰ ਕਾਲ ਕਰੋ।

Punjabi

Arabic

Chinese (Modern)

English

French



Gujarati

Russian

Spanish

Tagalog

Tamil

Urdu